AUSTRALIAN DENTAL ASSOCIATION

ਤੱਥ ਸ਼ੀਟ

ਸਿਹਤ ਸੰਬੰਧੀ (ਮੈਡੀਕਲ) ਇਤਿਹਾਸ ਦੀ ਮਹੱਤਤਾ

ਮੇਰਾ ਮੈਡੀਕਲ ਇਤਿਹਾਸ ਮਹੱਤਵਪੂਰਨ ਕਿਉਂ ਹੈ?

ਤੁਹਾਡੇ ਡਾਕਟਰੀ ਇਤਿਹਾਸ ਦੇ ਹਿੱਸੇ ਵਜੋਂ ਤੁਸੀਂ ਆਪਣੇ ਦੰਦਾਂ ਦੇ ਡਾਕਟਰ ਨੂੰ ਜੋ ਜਾਣਕਾਰੀ ਦਿੰਦੇ ਹੋ, ਉਹ ਤੁਹਾਡੀ ਸੁਰੱਖਿਅਤ ਅਤੇ ਚੰਗੀ ਤਰ੍ਹਾਂ ਦੇਖਭਾਲ ਕਰਨ ਵਿੱਚ ਮਦਦ ਕਰਦੀ ਹੈ।
ਤੁਹਾਡੇ ਦੰਦਾਂ ਦੇ ਡਾਕਟਰ ਲਈ ਤੁਹਾਡੀਆਂ ਡਾਕਟਰੀ ਸਥਿਤੀਆਂ ਅਤੇ ਦਵਾਈਆਂ ਨੂੰ ਜਾਣਨਾ ਮਹੱਤਵਪੂਰਨ ਹੈ।
ਅਜਿਹੀਆਂ ਦਵਾਈਆਂ ਹਨ ਜਿਨ੍ਹਾਂ ਦੇ ਮੂੰਹ ਵਿੱਚ ਮਾੜੇ ਪ੍ਰਭਾਵ ਹੋ ਸਕਦੇ ਹਨ। ਅਜਿਹੀਆਂ ਡਾਕਟਰੀ ਸਥਿਤੀਆਂ ਵੀ ਹਨ ਜੋ ਮੂੰਹ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਮੂੰਹ ਦੀ ਸਿਹਤ ਕੁਝ ਡਾਕਟਰੀ ਸਥਿਤੀਆਂ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

ਆਪਣੇ ਦੰਦਾਂ ਦੇ ਡਾਕਟਰ ਨੂੰ ਦੱਸਣ ਲਈ ਡਾਕਟਰੀ ਜਾਣਕਾਰੀ

- ਸਾਰੀਆਂ ਵਰਤਮਾਨ ਅਤੇ ਪਿਛਲੀਆਂ ਦਵਾਈਆਂ (ਸਾਹ ਰਾਹੀਂ ਅੰਦਰ ਲਿਜਾਣ ਵਾਲੀਆਂ, ਟੀਕੇ ਵਾਲੀਆਂ, ਲੋਜ਼ੈਂਜ ਅਤੇ ਕਰੀਮ ਦੀਆਂ ਦਵਾਈਆਂ ਸਮੇਤ)
- ਕੋਈ ਵੀ ਵਿਟਾਮਿਨ, ਖਣਿਜ, ਪੂਰਕ, ਜਾਂ ਦਵਾਈਆਂ ਜੋ ਡਾਕਟਰ ਦੀ ਪਰਚੀ ਤੋਂ ਬਿਨਾਂ ਖਰੀਦੀਆਂ ਗਈਆਂ ਹਨ
- ਐਲਰਜੀ ਅਤੇ ਅਸਹਿਣਸ਼ੀਲਤਾ
- ਡਾਕਟਰੀ ਸਥਿਤੀਆਂ
- ਜੇਕਰ ਤੁਸੀਂ ਗਰਭਵਤੀ ਹੋ ਜਾਂ ਦੁੱਧ ਚੁੰਘਾ ਰਹੇ ਹੋ
- ਜੇਕਰ ਤੁਸੀਂ ਸਿਗਰਟ ਪੀਂਦੇ ਹੋ, ਵੇਯਪ ਕਰਦੇ ਹੋ, ਨਾਜਾਇਜ਼ ਨਸ਼ੇ ਕਰਦੇ ਹੋ, ਜਾਂ ਸ਼ਰਾਬ ਪੀਂਦੇ ਹੋ

ਹੋਰ ਸਵਾਲ ਜੋ ਤੁਹਾਡਾ ਦੰਦਾਂ ਦਾ ਡਾਕਟਰ ਪੁੱਛ ਸਕਦਾ ਹੈ

- ਤੁਹਾਡੇ ਪਰਿਵਾਰ ਦਾ ਦੰਦਾਂ ਦਾ ਇਤਿਹਾਸ
- ਤੁਹਾਡਾ ਪਿਛਲਾ ਦੰਦਾਂ ਦਾ ਇਲਾਜ
- ਤੁਸੀਂ ਘਰ ਵਿੱਚ ਆਪਣੇ ਦੰਦਾਂ ਦੀ ਦੇਖਭਾਲ ਕਿਵੇਂ ਕਰਦੇ ਹੋ
- ਭੋਜਨ ਅਤੇ ਪੀਣ ਵਾਲੇ ਪਦਾਰਥ ਜੋ ਤੁਸੀਂ ਅਕਸਰ ਲੈਂਦੇ ਹੋ

ਜੋ ਜਾਣਕਾਰੀ ਤੁਸੀਂ ਆਪਣੇ ਦੰਦਾਂ ਦੇ ਡਾਕਟਰ ਨੂੰ ਦਿੰਦੇ ਹੋ, ਉਹ ਗੁਪਤ ਰੱਖੀ ਜਾਂਦੀ ਹੈ। ਉਹ ਤੁਹਾਡੀ ਇਜਾਜ਼ਤ ਤੋਂ ਬਿਨਾਂ ਕਿਸੇ ਹੋਰ ਨਾਲ ਗੱਲ ਨਹੀਂ ਕਰਨਗੇ।